# 7 ਮਾਪ

## ਉਦੇਸ਼

- ਪੂਰਵ ਸੰਖਿਆ ਗਿਆਨ
- ਵਸਤੂਆਂ ਦੇ ਭੌਤਿਕ ਗੁਣਾਂ ਦੇ ਆਧਾਰ 'ਤੇ ਵਰਗੀਕਰਨ ਕਰਨਾ, ਤੁਲਨਾ ਕਰਨੀ, ਸੋਚਣਾ ਅਤੇ ਤਰਕ ਕਰਨਾ ਸਿਖਾਉਣਾ।
- ਲੰਬਾਈ ਦਾ ਅੰਦਾਜ਼ਾ ਅਤੇ ਇਸ ਦੀਆਂ ਅਣਮਿਆਰੀ ਇਕਾਈਆਂ ਬਾਰੇ ਸਮਝ ਪੈਦਾ ਕਰਨਾ
- ਕ੍ਰਮ ਵਿੱਚ ਸੋਚਣਾ
- ਵੱਖ-ਵੱਖ ਬਰਤਨਾਂ ਵਿੱਚ ਪਾਣੀ ਦੀ ਵੱਧ/ਘੱਟ ਮਾਤਰਾ ਦੀ ਸਮਝ ਪੈਦਾ ਕਰਨਾ।




ਬੱਚਿਆਂ ਦੇ ਉੱਤਰ ਵੱਖ-ਵੱਖ, ਠੀਕ-ਗਲਤ ਹੋ ਸਕਦੇ ਹਨ।


**ਆਓ ਸਿੱਖੀਏ**

## ਲੰਬਾ-ਛੋਟਾ




ਆਓ, ਅਸੀਂ ਲੰਬਾਈ ਨਾਲ ਸਬੰਧਿਤ ਗਤੀਵਿਧੀ ਕਰੀਏ।

ਪਿਆਰੇ ਬੱਚਿਓ, ਆਪਣੀਆਂ-ਆਪਣੀਆਂ ਪੈਨਸਿਲਾਂ, ਰਬੜਾਂ, ਸਕੈਚ ਪੈਨ ਅਤੇ ਕੁਝ ਚਾਕ ਦੇ ਟੁੱਕੜੇ ਇਸ ਮੇਜ਼ 'ਤੇ ਇੱਕਠੇ ਕਰੋ।




ਦੇਖੋ ਬੱਚਿਓ, ਇਹ ਪੈਨਸਿਲ ਸਭ ਤੋਂ ਲੰਬੀ ਹੈ



ਇਹ ਪੈਨਸਿਲ ਸਭ ਤੋਂ ਛੋਟੀ ਹੈ।




ਇਸੇ ਤਰ੍ਹਾਂ, ਇਹ ਸਕੈਚ ਪੈੱਨ ਸਾਰੇ ਸਕੈਚ ਪੈੱਨਾਂ ਤੋਂ ਛੋਟਾ ਹੈ, ਅਤੇ ਇਹ ਚਾਕ ਦਾ ਟੁੱਕੜਾ ਬਾਕੀ ਟੁੱਕੜਿਆਂ ਤੋਂ ਵੱਡਾ ਹੈ।






ਬੱਚਿਓ, ਆਪਣੇ ਹੱਥ ਦੀਆਂ ਉਂਗਲਾਂ ਦੇਖੋ। ਕਿਹੜੀ ਉਂਗਲ ਸਭ ਤੋਂ ਲੰਬੀ ਹੈ? ਅਤੇ ਕਿਹੜੀ ਉਂਗਲ ਸਭ ਤੋਂ ਛੋਟੀ ਹੈ?




## ਆਓ ਕਰੀਏ


1. ਲੰਬੇ 'ਤੇ (✓) ਅਤੇ ਛੋਟੇ 'ਤੇ (×) ਦਾ ਨਿਸ਼ਾਨ ਲਗਾਓ:




2. ਦਿੱਤੇ ਖਾਨਿਆਂ ਵਿੱਚ, ਛੋਟੀ ਤੋਂ ਵੱਡੀ ਲੰਬਾਈ ਅਨੁਸਾਰ 1 ਤੋਂ 3 ਲਿਖੋ।




3. ਦਿਖਾਏ ਗਏ ਪੌਦਿਆਂ ਦੀ ਲੰਬਾਈ ਦੇ ਕ੍ਰਮ ਅਨੁਸਾਰ ਵੱਡੇ ਤੋਂ ਛੋਟੇ ਵੱਲ ਹਰੇਕ ਖਾਨੇ ਵਿੱਚ 1, 2, 3, 4 ਲਿਖੋ।



4. ਦਿਖਾਏ ਗਏ ਪੱਤਿਆਂ ਦੇ ਆਕਾਰ ਦੇ ਕ੍ਰਮ ਅਨੁਸਾਰ ਛੋਟੇ ਤੋਂ ਵੱਡੇ ਵੱਲ ਹਰੇਕ ਖਾਨੇ ਵਿੱਚ 1, 2, 3, 4 ਲਿਖੋ।



ਆਓ ਸਿੱਖੀਏ

# ਮੋਟਾ-ਪਤਲਾ



ਹੁਣ ਅਸੀਂ ਮੋਟੇ/ਪਤਲੇ ਦੇ ਸੰਕਲਪ ਨੂੰ ਸਮਝਣ ਲਈ ਗਤੀਵਿਧੀ ਕਰਾਂਗੇ।

ਪਿਆਰੇ ਬੱਚਿਓ, ਆਪਣੀਆਂ ਕਿਤਾਬਾਂ ਮੇਜ਼ ਤੇ ਇਕੱਠੀਆਂ ਕਰੋ। (ਗਣਿਤ ਅਤੇ ਪੰਜਾਬੀ)




ਦੇਖੋ! ਬੱਚਿਓ ਇਹ ਕਿਤਾਬ ਮੋਟੀ ਹੈ। ਇਸ ਤਰ੍ਹਾਂ ਦੀਆਂ ਕਿਤਾਬਾਂ ਇਸ ਮੇਜ 'ਤੇ ਰੱਖੋ।



ਦੇਖੋ! ਬੱਚਿਓ ਇਹ ਕਿਤਾਬ ਪਤਲੀ ਹੈ। ਇਸ ਤਰ੍ਹਾਂ ਦੀਆਂ ਕਿਤਾਬਾਂ ਇਸ ਮੇਜ 'ਤੇ ਰੱਖੋ।



ਮੋਟੀਆਂ ਕਿਤਾਬਾਂ




ਪਤਲੀਆਂ ਕਿਤਾਬਾਂ



ਆਓ ਕਰੀਏ

## ਵਰਕਸ਼ੀਟ

**ਮੋਟੇ ਵਿੱਚ ਲਾਲ ਅਤੇ ਪਤਲੇ ਵਿੱਚ ਹਰਾ ਰੰਗ ਭਰੋ:**



ਆਓ ਸਿੱਖੀਏ

# ਭਾਰੀ-ਹਲਕਾ





ਆਓ, ਸਾਰੇ ਬੱਚੇ ਆਪਾਂ ਰਸੋਈ ਵਿੱਚ ਚੱਲੀਏ, ਦੇਖੀਏ! ਅੱਜ ਮਿਡ-ਡੇ-ਮੀਲ ਵਿੱਚ ਕੀ ਬਣਿਆ?







## ਵਰਕਸ਼ੀਟ




**ਸਭ ਤੋਂ ਭਾਰੀ 'ਤੇ (✓) ਨਿਸ਼ਾਨ ਲਗਾਓ:-**

(i)   

(ii)   

**ਸਭ ਤੋਂ ਹਲਕੀ ਵਸਤੂ 'ਤੇ (✓) ਨਿਸ਼ਾਨ ਲਗਾਓ:-**

(i)   

(ii)   

ਆਓ ਸਿੱਖੀਏ

# ਦੂਰ-ਨੇੜੇ





ਸਭ ਤੋਂ ਨੇੜੇ ਸਭ ਤੋਂ ਦੂਰ




## ਆਓ ਕਰੀਏ

## ਵਰਕਸ਼ੀਟ

ਬਿੱਲੀ ਦੇ ਸਭ ਤੋਂ ਨੇੜੇ ਵਾਲੇ ਚੂਹੇ 'ਤੇ (✓) ਦਾ ਨਿਸ਼ਾਨ ਲਗਾਓ



ਝੂਲੇ ਦੇ ਸਭ ਤੋਂ ਦੂਰ ਵਾਲੇ ਬੱਚੇ 'ਤੇ (✓) ਦਾ ਨਿਸ਼ਾਨ ਲਗਾਓ







**ਸੰਕੇਤ** ਬੱਚੇ ਆਪਣੇ ਨੇੜੇ ਅਤੇ ਦੂਰ ਪਈਆਂ ਵਸਤੂਆਂ ਦੇ ਨਾਂ ਅਧਿਆਪਕ ਨੂੰ ਦੱਸਣਗੇ ਅਤੇ ਅਧਿਆਪਕ ਉਹਨਾਂ ਵਸਤੂਆਂ ਦੇ ਨਾਂ ਬੋਰਡ ਉੱਤੇ ਲਿਖਣਗੇ।

## ਵਰਕਸ਼ੀਟ

1. ਤੁਹਾਡੇ ਘਰ ਤੋਂ ਦੂਰ ਕਿਹੜਾ ਸਥਾਨ ਹੈ? ਮੰਦਰ ☐ ਸਕੂਲ ☐

2. ਤੁਹਾਡੇ ਘਰ ਤੋਂ ਦੂਰ ਇਹਨਾਂ ਵਿੱਚੋਂ ਕੀ ਹੈ? ਹਸਪਤਾਲ ☐ ਪਾਰਕ ☐

3. ਤੁਹਾਡੇ ਘਰ ਦੇ ਨੇੜੇ ਇਹਨਾਂ ਵਿੱਚੋਂ ਕੀ ਹੈ? ਪਾਰਕ ☐ ਰਾਸ਼ਨ ਦੀ ਦੁਕਾਨ ☐




ਤੁਸੀਂ ਘਰ ਤੋਂ ਸਕੂਲ ਜਾਣਾ ਹੈ। ਦੋ ਰਸਤੇ ਹਨ, ਇੱਕ ਨੇੜੇ ਅਤੇ ਇੱਕ ਦੂਰ। ਘਰ ਤੋਂ ਸਕੂਲ ਦੇ ਨੇੜੇ ਵਾਲੇ ਰਸਤੇ ਵਿੱਚ ਨੀਲਾ ਰੰਗ ਭਰੋ ਅਤੇ ਦੂਰ ਪੈਣ ਵਾਲੇ ਰਸਤੇ ਵਿੱਚ ਲਾਲ ਰੰਗ ਭਰੋ।

## ਗਤੀਵਿਧੀ-2

ਬੱਚਿਓ ! ਅੰਦਾਜ਼ਾ ਲਗਾਓ ਕਿ ਤੁਹਾਡੀ ਕਿਤਾਬ ਦੀ ਲੰਬਾਈ ਕਿੰਨੀਆਂ ਉਂਗਲਾਂ ਹੈ ? ਹੁਣ ਤੁਸੀਂ ਆਪਣੀ ਕਿਤਾਬ ਦੀ ਲੰਬਾਈ ਆਪਣੀਆਂ ਉਂਗਲਾਂ ਨਾਲ ਮਾਪ ਕੇ ਦੱਸੋ?




ਅਨੁਮਾਨ.......................................................ਉਂਗਲਾਂ

ਸਹੀ ਮਾਪ.......................................................ਉਂਗਲਾਂ

## ਗਤੀਵਿਧੀ-3

ਬੱਚਿਓ ! ਆਪਣੀ ਜਮਾਤ ਦੇ ਫਰਸ਼ ਦੀ ਲੰਬਾਈ ਦਾ ਅੰਦਾਜ਼ਾ ਲਗਾਓ। ਹੁਣ ਤੁਸੀਂ ਆਪਣੀ ਜਮਾਤ ਦੇ ਫਰਸ਼ ਦੀ ਲੰਬਾਈ ਕਦਮਾਂ ਨਾਲ ਮਾਪੋ-



ਅਨੁਮਾਨ.......................................................ਕਦਮ

ਸਹੀ ਮਾਪ.......................................................ਕਦਮ


**ਸੰਕੇਤ**

1. ਕਦਮਾਂ ਨਾਲ ਗਿਣਤੀ ਕਰਦੇ ਹੋਏ ਧਿਆਨ ਰਹੇ ਕਿ ਬੱਚੇ ਦੇ ਕਦਮ ਅਤੇ ਸੰਖਿਆ ਆਪਸ ਵਿੱਚ ਮੇਲ ਖਾਂਦੇ ਹੋਣ ਅਤੇ ਇੱਕ ਪੈਰ ਦੀ ਅੱਡੀ ਨੂੰ ਦੂਜੇ ਪੈਰ ਦਾ ਪੰਜਾ ਛੂਹ ਰਿਹਾ ਹੋਵੇ।
2. ਅਧਿਆਪਕ ਬੱਚਿਆਂ ਨੂੰ ਇਸੇ ਤਰ੍ਹਾਂ ਬਾਂਹ ਨਾਲ ਵੀ ਵੱਖ-ਵੱਖ ਵਸਤੂਆਂ ਨੂੰ ਮਾਪਣ ਵਾਸਤੇ ਕਹਿਣਗੇ।

ਅੰਦਾਜ਼ਾ ਲਗਾਓ ਅਤੇ ਵੱਧ-ਘੱਟ ਧਾਰਨ ਸਮਰੱਥਾ ਮਾਪੋ।

## ਆਓ ਸਿੱਖੀਏ

ਬੱਚਿਓ! ਕੀ ਤੁਸੀਂ ਦੱਸ ਸਕਦੇ ਹੋ ਕਿ ਕਿਹੜੇ ਗਿਲਾਸ ਵਿੱਚ ਪਾਣੀ ਦੀ ਮਾਤਰਾ ਵੱਧ ਹੈ?



## ਆਓ ਕਰੀਏ

1. ਉਸ ਬਰਤਨ 'ਤੇ ਚੱਕਰ ਲਗਾਓ, ਜਿਸ ਵਿੱਚ ਸਭ ਤੋਂ ਵੱਧ ਮਾਤਰਾ ਵਿੱਚ ਪਾਣੀ ਭਰਿਆ ਜਾ ਸਕਦਾ ਹੈ।



2. ਉਸ ਬਰਤਨ 'ਤੇ ਚੱਕਰ ਲਗਾਓ, ਜਿਸ ਵਿੱਚ ਘੱਟ ਮਾਤਰਾ ਵਿੱਚ ਪਾਣੀ ਭਰਿਆ ਜਾ ਸਕਦਾ ਹੈ।



## ਅਸੀਂ ਜੋ ਸਿੱਖਿਆ

